# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸੀਪਲ/ਮੁਖ ਅਧਿਆਪਕ,
ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਜ਼।

ਨੰਬਰ: ਪਸਸਬ–ਐਫੀ:2019/ 3539 ਮਿਤੀ: 13/8/19

**ਵਿਸ਼ਾ: ਸਮੂਹ ਸਕੂਲਾਂ ਦੀ login id ਤੇ ਅਪਲੋਡ ਕੀਤਾ School Infrasturcture, Exam Centre & Other Information ਪ੍ਰੋਫਾਰਮਾ ਆਨਲਾਈਨ ਭਰਨ ਅਤੇ ਸਬਮਿਟ ਨਾ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਬੋਰਡ ਵੱਲੋਂ ਪੰਜਾਬ ਰਾਜ ਦੇ ਸਮੂਹ ਸਕੂਲਾਂ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਪ੍ਰੀਖਿਆਵਾਂ ਕਰਵਾਉਂਦੇ ਹਨ , ਦੀ ਸਕੂਲ ਲਾਗ ਇੰਨ ਆਈ.ਡੀ. ਵਿੱਚ ਮਿਤੀ:19-07-2018 ਨੂੰ ਇੱਕ **School Infrasturcture, Exam Centre & Other Information ਪ੍ਰੋਫਾਰਮਾ** (84 **ਕਾਲਮ) ਪਾਇਆ ਗਿਆ ਸੀ।** ਇਸ ਪ੍ਰੋਫਾਰਮੇ ਨੂੰ ਆਨ ਲਾਇਨ ਭਰਿਆ ਜਾਣਾ ਸੀ ਅਤੇ ਫਾਇਨਲ ਸਬਮਿਟ ਕੀਤਾ ਜਾਣਾ ਸੀ। ਇਸ ਪ੍ਰੋਫਾਰਮੇ ਨੂੰ ਆਨਲਾਇਨ ਸਬਮਿਟ ਕਰਨ ਲਈ 5800/-ਰੁ: ਫੀਸ ਨਾਲ ਮਿਤੀ: 21-01-2019 ਤੱਕ ਦਾ ਸਮਾਂ ਦਿੱਤਾ ਗਿਆ ਸੀ ਅਤੇ ਨਾਲ ਹੀ ਇਹ ਆਦੇਸ਼ ਕੀਤੇ ਗਏ ਸਨ ਕਿ ਇਸ ਮਿਤੀ ਤੱਕ ਜਿੰਨ੍ਹਾਂ ਸੰਸਥਾਵਾਂ ਵੱਲੋਂ ਫਾਇਨਲ ਸਬਮਿਸ਼ਨ ਨਹੀਂ ਕੀਤੀ ਜਾਵੇਗੀ, ਉਹਨਾਂ ਸੰਸਥਾਵਾਂ ਦੇ ਪ੍ਰੀਖਿਆਰਥੀਆਂ ਦੇ ਰੋਲ ਨੰਬਰ ਰੋਕ ਲਏ ਜਾਣਗੇ। ਇਸ ਸਬੰਧੀ ਸੰਸਥਾਵਾਂ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤਾ ਗਿਆ ਸੀ।

ਪ੍ਰੰਤੂ ਕੁਝ ਸਕੂਲਾਂ ਵੱਲੋਂ ਉਕਤ ਪ੍ਰੋਫਾਰਮਾ ਆਨ ਲਾਇਨ ਭਰਿਆ/ਫਾਇਨਲ ਸਬਮਿਟ ਨਹੀਂ ਕੀਤਾ ਗਿਆ। ਜਿਸ ਕਾਰਨ ਇਹਨਾਂ ਨੂੰ ਅੰਤਿਮ ਪੱਤਰ ਰਾਹੀਂ 6,500/-ਰੁ: ਜੁਰਮਾਨੇ ਨਾਲ ਮਿਤੀ: 22-07-2019 ਤੱਕ ਫਾਇਨਲ ਸਬਮਿਟ/ਫੀਸ ਦਾ ਚਲਾਨ ਜਨਰੇਟ ਕਰਨ ਲਈ ਇੱਕ ਵਿਸ਼ੇਸ਼ ਮੌਕਾ ਦਿੱਤਾ ਗਿਆ ਸੀ। ਪਰ ਕੁਝ ਸੰਸਥਾਵਾਂ ਵੱਲੋਂ ਹੁਣ ਤੱਕ ਉਕਤ ਪ੍ਰੋਫਾਰਮਾ ਆਨ ਲਾਇਨ ਨਹੀਂ ਭਰਿਆ ਗਿਆ। ਜਿਸ ਕਰਕੇ ਉਹਨਾਂ ਦੇ ਸਰਟੀਫਿਕੇਟ ਰੋਕੇ ਗਏ ਹਨ। ਅਜਿਹੀਆਂ ਸੰਸਥਾਵਾਂ ਨੂੰ ਆਖਰੀ ਮੌਕਾ ਦਿੰਦੇ ਹੋਏ 7,000/- ਰੁਪਏ ਫੀਸ ਨਾਲ ਮਿਤੀ: 30-08-2019 ਤੱਕ ਇਨਫਰਾਸਟਰਕਚਰ ਦਾ ਪ੍ਰੋਫਾਰਮਾ ਭਰਨ ਲਈ ਪੋਰਟਲ ਖੋਲਿਆ ਗਿਆ ਹੈ। ਉਕਤ ਅਨੁਸਾਰ ਪ੍ਰੋਫਾਰਮਾ/ਫੀਸ ਜਮ੍ਹਾ ਕਰਵਾ ਕੇ ਸੰਸਥਾਵਾਂ ਆਪਣੇ ਸਰਟੀਫਿਕੇਟ ਜਾਰੀ ਕਰਵਾ ਸਕਦੀਆਂ ਹਨ।

ਸੁਪਰਡੰਟ (ਐਫੀਲੀਏਸ਼ਨ)
ਵਾ: ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ।